B-2110

10677/NH

# ਬੀ.ਏ ਭਾਗ-ਦੂਜਾ (ਸਮੈਸਟਰ ਤੀਜਾ)

## ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)

ਕੁੱਲ ਅੰਕ : 100
ਅੰਦਰੂਨੀ ਮੁਲਾਂਕਣ: 25 ਅੰਕ
ਬਾਹਰੀ ਪ੍ਰੀਖਿਆ : 75 ਅੰਕ
ਸਮਾਂ: ਤਿੰਨ ਘੰਟੇ

ਪਾਸ ਅੰਕ: 35
ਅੰਦਰੂਨੀ ਮੁਲਾਂਕਣ ਵਿੱਚੋਂ ਪਾਸ ਅੰਕ: 09
ਬਾਹਰੀ ਪ੍ਰੀਖਿਆ ਵਿੱਚੋਂ ਪਾਸ ਅੰਕ : 26

### ਭਾਗ -ੳ

**1.** ਕੋਈ ਦੋ ਕਾਵਿਤਾਵਾਂ ਦਾ ਸਾਰ ਲਿਖੋ।

ਵਿਦਿਆ ਵੀਚਾਰੀ, ਵੈਰੀ ਨਾਗ ਦਾ ਪਹਿਲਾ ਝਲਕਾ, ਹਲ ਵਾਹੁਣ ਵਾਲੇ, ਹੀਰ, ਅਸੀਂ ਲੜਾਂਗੇ ਸਾਥੀ

ਅੰਕ=2×5=10

2. ਕਿਸੇ ਇਕ ਕਾਵਿ ਟੁਕੜੀ ਦੇ ਭਾਵ ਅਰਥ ਲਿਖੋ।

ੳ) ਕੀ ਪੁੱਛਦਿਉ ਹਾਲ ਫਰੀਕਾਂ ਦਾ
ਸਾਡਾ ਨਦੀਉਂ ਵਿਛੜੇ ਨੀਰਾਂ ਦਾ
ਸਾਡਾ ਹੰਝ ਦੀ ਜੂਨੇ ਆਇਆਂ ਦਾ
ਸਾਡਾ ਦਿਲ ਜਲਿਆਂ ਦਿਲਗੀਰਾਂ ਦਾ।
ਇਹ ਜਾਣਦਿਆਂ ਕੁਝ ਸ਼ੋਖ ਜਹੇ
ਰੰਗਾਂ ਦਾ ਹੀ ਨਾਂ ਤਸਵੀਰਾਂ ਹੈ
ਜਦ ਹੱਟ ਗਏ ਅਸੀਂ ਇਸ਼ਕੇ ਦੀ
ਮੁੱਲ ਕਰ ਬੈਠੇ ਤਸਵੀਰਾਂ ਦਾ ।

ਅ) ਆਈਆਂ ਪਲਟਨਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿੱਧੇ,
ਹੱਲੇ ਤਿੰਨ ਫਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਬੰਨ੍ਹ ਸ਼ਾਸਤ੍ਰੀ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।

ੲ) ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ, ਮਸਜਦ ਕੋਲੋਂ ਜੀਉੜਾ ਡਰਿਆ
ਡੇਰੇ ਜਾ ਠਾਕਰ ਦੇ ਵੜਿਆ, ਜਿੱਥੇ ਵੱਜਦਾ ਨਾਦ ਹਜ਼ਾਰ
ਇਸ਼ਕ ਦੀ ਨਵੀਉਂ ਨਵੀਂ ਬਹਾਰ
ਜਾਂ ਮੈਂ ਰਮਜ਼ ਇਸ਼ਕ ਦੀ ਪਾਈ, ਮੈਨਾ ਤੋਤਾ ਮਾਰ ਗਵਾਈ
ਅੰਦਰ ਬਾਹਰ ਹੋਈ ਸਫ਼ਾਈ, ਜਿੱਤ ਵਲ ਵੇਖਾਂ ਯਾਰੋ ਯਾਰ
ਇਸ਼ਕ ਦੀ ਨਵੀਉਂ ਨਵੀਂ ਬਹਾਰ

ਅੰਕ=5

Contd —

ਭਾਗ-ਅ

3. ਕਿਸੇ ਦਸ ( 10 ) ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ।

ਮੇਹਨਤ, ਸੈਹਤ, ਜੇਹਾ, ਵੇਹਲਾ, ਖੰਗ, ਜੇਹਾ, ਵੇਹਲਾ,
ਗਰ, ਤਾਂਗ, ਸਿੰਗ, ਕਰਣ, ਦੂੱਦ, ਸਖ਼, ਗੋਬੀ, ਅਸਤਫਾ,ਕਲਜ,ਕਰਮੀ

ਅੰਕ=10

4. ਹੇਠ ਦਿੱਤੇ ਵਾਕਾਂ ਵਿਚ ਵਿਸ਼ਰਾਮ ਚਿੰਨ੍ਹ ਲਗਾਉ।

ੳ) ਕਾਸ਼ ਮੈਂ ਪੜ੍ਹ ਲੈਂਦਾ
ਅ) ਕੀ ਉਹ ਸਕੂਲ ਆਇਆ ਹੈ
ੲ) ਕੀ ਮੈਂ ਜਲੰਧਰ ਜਾਵਾਂਗਾ
ਸ) ਅੱਛਾ ਉਹ ਪਾਸ ਹੋ ਗਿਆ
ਹ) ਕੀ ਉਹ ਹਾਕੀ ਖੇਡਦਾ ਹੈ

ਅੰਕ=2×5=10

5. ਕਿਸੇ ਇਕ ਵਿਸ਼ੇ ਉੱਪਰ ਪੈਰ੍ਹਾ ਰਚਨਾ ਲਿਖੋ।

ਵਿਦਿਆਰਥੀ ਤੇ ਰਾਜਨੀਤੀ, ਮੋਬਾਇਲ ਫੋਨ, ਬੇਰੁਜ਼ਗਾਰੀ

ਅੰਕ=10

ਭਾਗ- ੲ

6. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਕਰੋ।

1. 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਵਾਲਾ ਸ਼ਬਦ ਕਿਸ ਸੰਸਥਾ ਨੇ ਆਪਣੀ ਧੁਨੀ ਵਜੋਂ ਅਪਣਾਇਆ ਹੈ?
2. ਸੂਫੀ ਕੌਣ ਹੁੰਦੇ ਹਨ?
3. ਵਾਰਸ਼ ਸ਼ਾਹ ਦੀ ਹੀਰ ਕਿਹੜੇ ਛੰਦ ਵਿਚ ਹੈ?
4. ਸ਼ਾਹ ਮੁਹੰਮਦ ਨੇ ਆਪਣੇ ਕਿਸੇ ਵਿਚ ਸਰਕਾਰ ਕਿਸਨੂੰ ਆਖਿਆ ਹੈ?
5. ਸ਼ਾਮ ਸਿੰਘ ਅਟਾਰੀ ਵਾਲਾ ਕੌਣ ਸੀ?
6. "ਵੈਰੀ ਨਾਗ ਦਾ ਪਹਿਲਾ ਝਲਕਾ" ਕਿਸਦੀ ਕਾਵਿਤਾ ਹੈ?
7. ਛਿੰਝ ਕੀ ਹੁੰਦੀ ਹੈ?
8. ਕੈਦੋ ਕੌਣ ਸੀ?
9. 'ਕਾਦਰ' ਤੋਂ ਕੀ ਭਾਵ ਹੈ?
10. "ਵੈਰੀ ਨਾਗ ਦਾ ਪਹਿਲਾ ਝਲਕਾ" ਕਿਸਦੀ ਕਾਵਿਤਾ ਹੈ?
11. ਛਿੰਝ ਕੀ ਹੁੰਦੀ ਹੈ?
12. ਢਾਂਡਾ ਕਿਸਨੂੰ ਆਖਦੇ ਹਨ?
13. "ਹਲ ਵਾਹੁਣ ਵਾਲੇ" ਕਾਵਿਤਾ ਵਿਚ ਕਿਸਦੀ ਸਿਫਤ ਕੀਤੀ ਹੈ?
14. ਜੱਟ ਦੁਨੀਆਂ ਨੂੰ ਕੀ ਕੁੱਝ ਦਿੰਦੇ ਹਨ?
15. ਪ੍ਰੋ: ਮੋਹਨ ਸਿੰਘ ਕਿਸ ਕਾਵਿ ਧਾਰਾ ਦਾ ਕਵੀ ਹੈ?

ਅੰਕ=15×2=30

10677/NH